# Second Meeting of the India-UK Joint Working Group on Cyber Capacity Building

October 07, 2021

...............................................................................................

## ਸਾਈਬਰ ਸਮਰੱਥਾ ਨਿਰਮਾਣ ਬਾਰੇ ਭਾਰਤ-ਇੰਗਲੈਂਡ ਸਾਂਝਾ ਕਾਰਜ ਸਮੂਹ ਦੀ ਦੂਜੀ ਮੀਟਿੰਗ

**7 ਅਕਤੂਬਰ, 2021**

1. ਸਾਈਬਰ ਸਮਰੱਥਾ ਨਿਰਮਾਣ ਬਾਰੇ ਭਾਰਤ-ਇੰਗਲੈਂਡ ਸਾਂਝਾ ਕਾਰਜ ਸਮੂਹ ਦੀ ਦੂਜੀ ਮੀਟਿੰਗ 7 ਅਕਤੂਬਰ, 2021 ਨੂੰ ਡਿਜੀਟਲ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਾਂਝਾ ਸਕੱਤਰ (ਸਾਈਬਰ ਕੂਟਨੀਤੀ) ਸ਼੍ਰੀ ਅਤੁਲ ਮਲਹਾਰੀ ਗੋਤਸੁਰਵੇ ਨੇ ਕੀਤੀ। ਇੰਗਲੈਂਡ ਦੇ ਵਫ਼ਦ ਦੀ ਅਗਵਾਈ ਸਾਈਬਰ ਪ੍ਰੋਗਰਾਮਾਂ, ਵਿਦੇਸ਼ੀ, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (FCDO) ਸ਼੍ਰੀ ਐਂਡਰਿਉ ਡਿਨਸਲੇ ਨੇ ਕੀਤੀ।

2. ਇਸ ਮੀਟਿੰਗ ਵਿੱਚ ਸਾਈਬਰ ਸਮਰੱਥਾ ਨਿਰਮਾਣ ਦੇ ਖੇਤਰ ਵਿੱਚ ਸਹਿਯੋਗ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ, ਜੋ ਭਾਰਤ-ਇੰਗਲੈਂਡ ਫਰੇਮਵਰਕ ਫਾਰ ਸਾਈਬਰ ਰਿਲੇਸ਼ਨਸ਼ਿਪ ਹੇਠ ਅਤੇ ਭਾਰਤ-ਇੰਗਲੈਂਡ 2030 ਰੋਡਮੈਪ ਵਿੱਚ ਮਨਜ਼ੂਰ ਵਿਕਸਤ ਸਾਈਬਰ ਸੁਰੱਖਿਆ ਭਾਈਵਾਲੀ ਦੀ ਹਿਮਾਇਤ ਵਿੱਚ ਕੀਤੀ ਗਈ। ਸਮਰੱਥਾ ਨਿਰਮਾਣ ਬਾਰੇ JWG ਦੀ ਪਹਿਲੀ ਮੀਟਿੰਗ 5 ਮਾਰਚ, 2020 ਨੂੰ ਨਵੀਂ ਦਿੱਲੀ ਵਿਖੇ ਹੋਈ ਸੀ।

3. ਦੋਨਾਂ ਵਫਦਾਂ ਨੇ ਮੌਜੂਦਾ ਦੁਵੱਲੇ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਕਈ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਸਮਰੱਥਾ ਨਿਰਮਾਣ ਦੇ ਖੇਤਰ ਵਿੱਚ ਇੱਕ ਦੂਜੇ ਨਾਲ ਨੇੜਿਓਂ ਮਿਲਕੇ ਕੰਮ ਕਰਨ 'ਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
7 ਅਕਤੂਬਰ, 2021

DISCLAIMER: This is an approximate translation. The original is available in English on MEA’s website and may be referred to as the official press release.